# ਬਚਾਉ ਯੋਜਨਾ ਬਣਾਣ ਵਿੱਚ ਮਦਦ ਕਰੋ

ਅਨੁਚਿਤ ਵਿਹਾਰ ਬਹੁਤ ਘੱਟ ਇਕੋ ਵਾਰ ਹੁੰਦਾ ਹੈ । ਅਕਸਰ ਸਮੇ ਨਾਲ ਇਹ ਵਦਦਾ ਜਾਂਦਾ ਹੈ । ਬਚਾਉ ਯੋਜਨਾ ਬਣਾਣ ਨਾਲ ਤੁਹਾਡੀ ਸਹੇਲੀ ਨੂੰ ਔਣ ਵਾਲੇ ਖਤਰੇ ਤੋਂ ਬਚਾਇਆ ਜਾ ਸਕਦਾ ਹੈ । ਜੇ ਉਹ ਇਸ ਵਾਰੀ ਉਸ ਨੂੰ ਨਾ ਵਰਤੇ ਹੋ ਸਕਦਾ ਹੈ ਉਹ ਅਗਲੀ ਵਾਰ ਉਸਦੇ ਕੰਮ ਆ ਜਾਵੇ ।

ਇਹ ਬਚਾਉ ਯੋਜਨਾ ਜਦ ਹਮਲਾ ਹੋ ਰਿਹਾ ਹੋਵੇ ਯਾ ਹੋਣ ਦੇ ਆਸਾਰ ਲਗਦੇ ਹੋਣ ਤੇ ਕੰਮ ਆਵੇਗਾ । ਇਹ ਬਚਾਉ ਯੋਜਨਾ ਬਣਾਣ ਵਾਸਤੇ ਕੁਝ ਜਾਨਕਾਰੀ ਜ਼ਰੂਰੀ ਹੈ ਃ

- ਇਹ ਹਮਲੇ ਅਕਸਰ ਕਦੋਂ ਵਾਪਰਦੇ ਨੇ? ਕਿ ਅਸੀਂ ਪਹਿਲਾਂ ਤੋਂ ਇਨ੍ਹਾਂ ਬਾਰੇ ਕੁਝ ਜਾਨਦੇ ਹਾਂ?
- ਹਮਲੇ ਤੋਂ ਪਹਿਲਾਂ ਉਸ ਦਾ ਸਾਥੀ ਉਸ ਨੂੰ ਕੀ ਕਹਿੰਦਾ ਯਾ ਕੀ ਕਰਦਾ ਹੈ?
- ਉਹ ਹਮਲੇ ਤੋਂ ਪਹਿਲਾਂ ਅਪਨੇ ਬੱਚਿਆਂ ਨੂੰ ਲੈਕੇ ਕਿਥੇ ਜਾ ਸਕਦੀ ਹੈ? ਕਿ ਕੋਈ ਦੋਸਤ ਯਾ ਰਿਸ਼ਤੇਦਾਰ ਉਸ ਨੂੰ ਠਹਰਿਣ ਵਾਸਤੇ ਜਗਾ ਦੇ ਸਕਦਾ ਹੈ?
- ਕਿ ਕਿਸੇ ਤੀਜੇ ਬੰਦੇ ਦੇ ਹੋਣ ਨਾਲ ਉਸ ਦਾ ਸਾਥਠ ਉਸ ਤੇ ਹਮਲਾ ਨਹੀ ਕਰੇਗਾ? ਜੇ ਇਹ ਗੱਲ ਹੈ, ਕਿ ਉਹ ਕਿਸੇ ਨੂੰ ਰਾਤੀ ਰੁਕਣ ਵਾਸਤੇ ਆਖ ਸਕਦੀ ਹੈ?
- ਉਹ ਮਦਦ ਲਈ ਕਿੱਥੇ ਜਾਵੇ ਜੇ ਉਹ ਹਮਲੇ ਤੋਂ ਪਹਿਲਾਂ ਨਹੀ ਨਿਕਲ ਪਾਂਦੀ? ਉਹ ਕਿੱਥੇ ਜਾ ਸਕਦੀ ਹੈ, ਕਿੱਨੂੰ ਫੋਨ ਕਰ ਸਕਦੀ ਹੈ ਅਤੇ ਸੁਰਖਿਤ ਜਗ੍ਹਾ ਕਿੰਜ ਪਹੁੰਚ ਸਕਦੀ ਹੈ?

ਬਚਾਉ ਯੋਜਨਾ ਦੇ ਬਾਰੇ ਤੁਸੀ ਹੋਰ ਜਾਨਕਾਰੀ B.W.S.S. ਤੋਂ ਲੈ ਸਕਦੇ ਹੋ । ਖਾਸ ਗਲ ਇਹ ਹੈ ਕਿ ਬਚਾਉ ਯੋਜਨਾ ਹਮਲਾ ਹੋਣ ਤੋਂ ਪਹਿਲਾਂ ਤੋਂ ਲੈਕਿ ਜਦ ਤਕ ਉਹ ਸੁਰਖਿਤ ਜਗ੍ਹਾ ਨਾ ਪਹੁੰਚ ਜਾਏ ਤਕ ਦੀ ਹੋਣੀ ਚਾਹੀਦੀ ਹੈ ।